| ਤੁਹਾਡੀ ਨਕਦੀ ਅਤੇ ਭੋਜਨ ਸਹਾਇਤਾ<br>ਹੱਕ ਅਤੇ ਜ਼ਿੰਮੇਵਾਰੀਆਂ<br>**Your Cash and Food Assistance Rights and Responsibilities** | ਕਲਾਇੰਟ ਦੇ ਨਾਂ (ਪਰਿਵਾਰ ਦਾ ਮੁਖੀਆ)<br><br>ਕਲਾਇੰਟ ਦਾ ਪਛਾਣ ਨੰਬਰ |
|---|---|

Washington State Department of Social & Health Services — Transforming lives

## ਤੁਹਾਡੀਆਂ ਜ਼ਿੰਮੇਵਾਰੀਆਂ (ਤੁਹਾਡੇ ਲਈ ਹੇਠਲੇ ਕੰਮ ਜ਼ਰੂਰੀ ਹਨ)

- **ਤੁਹਾਡੀ ਯੋਗਤਾ ਬਾਰੇ ਫੈਸਲਾ ਕਰਨ ਲਈ ਸਾਨੂੰ ਲੋੜੀਂਦੀ ਜਾਣਕਾਰੀ ਦੇਣਾ।**
- **ਜੇ ਲੋੜ ਹੋਵੇ ਤਾਂ ਸਾਨੂੰ ਸਬੂਤ ਦੇਣਾ।** ਹੋ ਸਕਦਾ ਹੈ ਕਿ ਤੁਹਾਡੇ ਵੱਲੋਂ ਇਹ ਸਬੂਤ ਅਸੀਂ ਪ੍ਰਾਪਤ ਕਰ ਸਕੀਏ। ਤੁਹਾਡੇ ਵੱਲੋਂ ਦਿੱਤੀ ਗਈ ਜਾਣਕਾਰੀ ਦੀ ਜਾਂਚ ਫੈਡਰਲ ਅਤੇ ਸਟੇਟ ਦੇ ਅਧਿਕਾਰੀ ਕਰਨਗੇ। ਜਾਂਚ ਵਿਚ ਡਿਪਾਰਟਮੈਂਟ ਦੇ ਸਟਾਫ ਦੁਆਰਾ, ਜਿਸ ਵਿਚ ਧੋਖਾ-ਧੜੀ ਦੀ ਜਾਂਚ-ਪੜਤਾਲ ਕਰਨ ਵਾਲੇ ਅਧਿਕਾਰੀ ਵੀ ਹਨ, ਫਾਲੋ-ਅਪ ਕਾਰਵਾਈ ਵੀ ਸ਼ਾਮਿਲ ਹੋ ਸਕਦੀ ਹੈ।
- **ਸਮਾਜਕ ਅਤੇ ਸਿਹਤ ਸੇਵਾਵਾਂ ਵਿਭਾਗ ਨੂੰ ਸੂਚਿਤ ਕੀਤੀ ਗਈ ਜਾਣਕਾਰੀ ਦਾ ਅਸਰ** *ਹੈਲਥ ਕੇਅਰ ਅਥਾਰਟੀ* ਅਤੇ *ਹੈਲਥ ਬੈਨਿਫਿਟ ਐਕਸਚੇਂਜ* ਵੱਲੋਂ ਦਿੱਤੀ ਜਾਣ ਵਾਲੇ ਸਿਹਤ ਦੇਖਭਾਲ ਬੀਮੇ ਲਈ ਯੋਗਤਾ ਦੇ ਉੱਪਰ ਪੈ ਸਕਦਾ ਹੈ।
- WAC 388-418-0005 ਦੀਆਂ ਲੋੜਾਂ ਦੇ ਮੁਤਾਬਕ **ਤਬਦੀਲੀਆਂ** (ਜਿਵੇਂ, ਪਤੇ, ਆਮਦਨੀ ਆਦਿ ਵਿਚ) **ਦੀ ਸੂਚਨਾ ਸਾਨੂੰ ਦੇਣਾ।**
- ਜੇ ਤੁਸੀਂ TANF ਗ੍ਰਾਂਟ ਸਵੀਕਾਰ ਕਰਦੇ ਹੋ ਤਾਂ **ਚਾਈਲਡ ਸੱਪੋਰਟ ਡਿਵੀਜ਼ਨ (DCS) ਦੇ ਨਾਲ ਸਹਿਯੋਗ ਕਰਨਾ।** ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੀ ਨਿਗਰਾਨੀ ਵਿਚ ਰਹਿ ਰਹੇ ਬੱਚੇ(ਬੱਚਿਆਂ) ਲਈ ਚਾਈਲਡ ਸੱਪੋਰਟ ਨਿਰਧਾਰਿਤ ਕਰਨ, ਸੋਧ ਕਰਨ ਜਾਂ ਲਾਗੂ ਕਰਨ ਵਿਚ, ਅਤੇ ਬੱਚਿਆਂ ਦੀ ਵਲਦੀਅਤ ਨਿਰਧਾਰਤ ਕਰਨ (ਜੇ ਲੋੜ ਹੋਵੇ) ਵਿਚ DCS ਦੀ ਮਦਦ ਕਰੋ। ਤੁਸੀਂ DCS ਨੂੰ ਸਹਿਯੋਗ ਦੇਣ ਤੋਂ ਇਨਕਾਰ ਕਰ ਸਕਦੇ ਹੋ ਜੇ ਤੁਸੀਂ ਦਿਖਾ ਸਕਦੇ ਹੋ ਕਿ ਤੁਹਾਡੇ ਕੋਲ ਇਹ ਸੋਚਣ ਦੇ ਵਾਜਬ ਕਾਰਨ ਹਨ ਕਿ DCS ਨੂੰ ਸਹਿਯੋਗ ਦੇਣ ਨਾਲ ਗੈਰ-ਨਿਗਰਾਨ ਮਾਤਾ/ਪਿਤਾ ਕੋਲੋਂ ਤੁਹਾਨੂੰ, ਤੁਹਾਡੇ ਬੱਚਿਆਂ ਨੂੰ ਜਾਂ ਤੁਹਾਡੀ ਨਿਗਰਾਨੀ ਵਾਲੇ ਬੱਚਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ।
- ਜੇ ਤੁਸੀਂ ਨਕਦੀ ਸਹਾਇਤਾ ਮੰਗਦੇ ਹੋ ਜਾਂ ਪ੍ਰਾਪਤ ਕਰਦੇ ਹੋ ਤਾਂ ਦੂਜੇ ਸ੍ਰੋਤਾਂ ਤੋਂ ਸੰਭਾਵੀ ਆਮਦਨੀ ਕਰਨ ਲਈ **ਅਰਜ਼ੀ ਦੇਣਾ** ਅਤੇ ਵਾਜਬ ਕੋਸ਼ਿਸ਼ ਕਰਨਾ।
- **ਲੋੜੀਂਦੀਆਂ ਰਿਪੋਰਟਾਂ ਅਤੇ ਸਮੀਖਿਆਵਾਂ ਪੂਰੀਆਂ ਕਰਨਾ।**
- ਨਕਦੀ ਸਹਾਇਤਾ ਅਤੇ ਭੋਜਨ ਸਹਾਇਤਾ ਲਈ **ਕੰਮ ਬਾਬਤ ਲੋੜਾਂ ਦੀ ਪਾਲਣਾ ਕਰਨੀ।**
- ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਦੂਜਾ ਵਿਅਕਤੀ ਤੁਹਾਡੀ ਭੋਜਨ ਸਹਾਇਤਾ ਦੀ ਵਰਤੋਂ ਕਰੇ. ਤਾਂ **ਸਾਨੂੰ ਦੱਸਣਾ।**
- **ਸਾਡੀਆਂ ਕੁਆਲਿਟੀ ਕੰਟ੍ਰੋਲ ਸਮੀਖਿਆਵਾਂ ਨਾਲ ਸਹਿਯੋਗ ਕਰਨਾ।**
- **ਭੋਜਨ ਸਹਾਇਤਾ ਦੀ ਵਰਤੋਂ** ਸਿਰਫ ਆਪਣੇ ਪਰਿਵਾਰ ਦੇ ਲੋਕਾਂ ਲਈ ਭੋਜਨ ਖਰੀਦਣ ਲਈ ਕਰਨਾ।
- **ਨਕਦੀ ਸਹਾਇਤਾ ਦੀ ਵਰਤੋਂ** ਸਿਰਫ ਆਪਣੇ ਪਰਿਵਾਰ ਦੇ ਲੋਕਾਂ ਦੇ ਲਾਭ ਲਈ ਕਰਨਾ।
- **ਤੁਹਾਡੇ ਲਈ ਸੋਸ਼ਲ ਸਿਕਿਉਰਿਟੀ ਨੰਬਰ** (SSN) ਜਾਂ ਇਮੀਗ੍ਰੇਸ਼ਨ ਸਥਿਤੀ ਸਿਰਫ ਉਹਨਾਂ ਲੋਕਾਂ ਬਾਰੇ **ਮੁਹੱਈਆ ਕਰਨੀ ਲਾਜ਼ਮੀ** ਹੈ ਜੋ ਸਹਾਇਤਾ ਲਈ ਅਰਜ਼ੀ ਦੇ ਰਹੇ ਹਨ। ਜੇ ਤੁਸੀਂ ਪਰਿਵਾਰ ਦੇ ਅਜਿਹੇ ਮੈਂਬਰਾਂ ਦੇ SSN ਜਾਂ ਇਮੀਗ੍ਰੇਸ਼ਨ ਸਥਿਤੀ ਬਾਰੇ ਨਾ ਦੱਸਣ ਦੀ ਚੋਣ ਕਰਦੇ ਹੋ, ਤਾਂ ਵੀ ਯੋਗਤਾ ਨਿਰਧਾਰਿਤ ਕਰਨ ਲਈ, ਲੋੜ ਪੈਣ ਤੇ, ਪਰਿਵਾਰ ਦੇ ਸਾਰੇ ਮੈਂਬਰਾਂ ਦੀ ਆਮਦਨੀ ਅਤੇ ਵਸੀਲਿਆਂ ਦੀ ਜਾਂਚ ਕਰਨਾ ਜ਼ਰੂਰੀ ਹੋਵੇਗਾ।

## ਤੁਹਾਡੇ ਹੱਕ (ਸਾਡੇ ਲਈ ਹੇਠਲੇ ਕੰਮ ਜ਼ਰੂਰੀ ਹਨ)

- ਤੁਹਾਡੇ ਨਾਂ, ਪਤੇ ਅਤੇ ਦਸਤਖਤ ਵਾਲੀ ਜਾਂ ਤੁਹਾਡੇ ਵੱਲੋਂ ਮਨਜ਼ੂਰਸ਼ੁਦਾ ਤੁਹਾਡੇ ਨੁਮਾਇੰਦੇ ਦੇ ਦਸਤਖਤ ਵਾਲੀ **ਅਰਜ਼ੀ ਸਵੀਕਾਰ ਕਰਨਾ।**
- **DSHS ਫਾਰਮ ਭਰਨ ਵਿਚ ਤੁਹਾਡੀ ਮਦਦ ਕਰਨਾ।**
- ਜੇ ਤੁਸੀਂ ਤੇਜ਼ ਕਾਰਵਾਈ ਕਰਨ ਲਈ ਯੋਗ ਹੋ ਤਾਂ ਭੋਜਨ ਲਈ ਸਹਾਇਤਾ ਦੀ ਤੁਹਾਡੀ ਅਰਜ਼ੀ ਤੇ 7 ਦਿਨਾਂ ਦੇ ਅੰਦਰ ਕਾਰਵਾਈ ਪੂਰੀ ਕਰਨਾ।
- ਜਦ ਤੁਸੀਂ ਕੋਈ ਦਸਤਾਵੇਜ਼ ਦਿਓ ਤਾਂ ਤੁਹਾਡੇ ਵੱਲੋਂ ਮੰਗਣ ਤੇ **ਤੁਹਾਨੂੰ ਰਸੀਦ ਦੇਣਾ।**
- ਜ਼ਿਆਦਾਤਰ ਮਾਮਲਿਆਂ ਵਿਚ, 30 ਦਿਨਾਂ ਦੇ ਅੰਦਰ ਤੁਹਾਨੂੰ ਆਪਣਾ ਲਿਖਤੀ ਜਵਾਬ ਦੇਣਾ।
- ਧੋਖਾਧੜੀ ਅਤੇ ਜਵਾਬਦੇਹੀ ਦੇ ਦਫਤਰ ਵੱਲੋਂ **ਧੋਖਾਧੜੀ ਦਾ ਪਤਾ ਲਗਾਉਣ** (FRED) ਵਾਲੇ ਤਫਤੀਸ਼ਕਾਰ ਨੂੰ ਮਿਲਣ ਤੋਂ ਤੁਸੀਂ ਹਮੇਸ਼ਾ ਇਨਕਾਰ ਕਰ ਸਕਦੇ ਹੋ। ਤੁਹਾਨੂੰ ਉਸ ਤਫਤੀਸ਼ਕਾਰ ਨੂੰ ਆਪਣੇ ਘਰ ਦੇ ਅੰਦਰ ਆਉਣ ਦੇਣ ਦੀ ਲੋੜ ਨਹੀਂ ਹੈ। ਤੁਸੀਂ ਤਫਤੀਸ਼ਕਾਰ ਨੂੰ ਕਿਸੇ ਦੂਸਰੇ ਸਮੇਂ ਤੇ ਆਉਣ ਲਈ ਕਹਿ ਸਕਦੇ ਹੋ। ਇਸ ਨਾਲ ਸਹਾਇਤਾ ਲਈ ਤੁਹਾਡੀ ਯੋਗਤਾ ਉੱਪਰ ਕੋਈ ਅਸਰ ਨਹੀਂ ਪਵੇਗਾ।
- ਜੇ ਤੁਹਾਡੇ ਮਾਮਲੇ ਵਿਚ ਡਿਪਾਰਟਮੈਂਟ ਵੱਲੋਂ ਲਏ ਗਏ ਫੈਸਲੇ ਨਾਲ ਤੁਸੀਂ ਸਹਿਮਤ ਨਹੀਂ ਹੋ ਤਾਂ **ਤੁਸੀਂ ਪ੍ਰਸ਼ਾਸਨਿਕ ਸੁਣਵਾਈ ਦੀ ਮੰਗ ਕਰ ਸਕਦੇ ਹੋ।** ਤੁਸੀਂ ਕਿਸੇ ਸੁਪਰਵਾਈਜ਼ਰ ਜਾਂ ਐਡਮਿਨਿਸਟ੍ਰੇਟਰ ਨੂੰ ਵੀ ਵਿਵਾਦਿਤ ਫੈਸਲੇ ਜਾਂ ਕਾਰਵਾਈ ਤੇ ਪੁਨਰਵਿਚਾਰ ਕਰਨ ਲਈ ਕਹਿ ਸਕਦੇ ਹੋ ਅਤੇ ਇਸ ਨਾਲ ਪ੍ਰਸ਼ਾਸਨਿਕ ਸੁਣਵਾਈ ਦੇ ਤੁਹਾਡੇ ਹੱਕ ਤੇ ਕੋਈ ਅਸਰ ਨਹੀਂ ਪਵੇਗਾ।
- ਲੋੜਵੰਦ ਪਰਿਵਾਰਾਂ ਲਈ ਵਕਤੀ ਸਹਾਇਤਾ (TANF) ਪ੍ਰੋਗਰਾਮ ਦੀ 60 ਮਹੀਨੇ ਦੀ ਅਧਿਕਤਮ ਸੀਮਾ ਬਾਰੇ ਤੁਹਾਨੂੰ **ਸੂਚਨਾ ਦੇਣਾ ਸਾਡੇ ਲਈ ਜ਼ਰੂਰੀ ਹੈ।** ਸਮੇਂ ਦੀ ਇਹ ਸੀਮਾ ਤੁਹਾਡੀ ਬੇਸਿਕ ਫੂਡ ਜਾਂ ਚਾਈਲਡ ਕੇਅਰ ਸਬਸਿਡੀਆਂ ਦੇ ਉੱਪਰ ਲਾਗੂ ਨਹੀਂ ਹੁੰਦੀ।

## ਤੁਹਾਡੇ EBT ਕਾਰਡ ਬਾਰੇ ਕੁਝ ਜ਼ਰੂਰੀ ਗੱਲਾਂ

- **ਬੈਨਿਫਿਟਾਂ ਦੀ ਦੁਰਵਰਤੋਂ:** EBT ਕਾਰਡ ਰਾਹੀਂ ਵੰਡੇ ਗਏ ਭੋਜਨ ਅਤੇ ਨਕਦੀ ਬੈਨਿਫਿਟਾਂ ਦਾ ਵੇਰਵਾ DSHS ਨੂੰ ਇਹ ਦੱਸੇਗਾ ਕਿ ਆਪਣੇ ਬੈਨਿਫਿਟਾਂ ਦੀ ਵਰਤੋਂ ਤੁਸੀਂ ਕਿਵੇਂ ਕੀਤੀ ਹੈ। ਲੈਣ-ਦੇਣ ਦੀ ਇਸ ਜਾਣਕਾਰੀ ਦੀ ਵਰਤੋਂ ਡਿਪਾਰਟਮੈਂਟ ਨਕਦੀ ਸਹਾਇਤਾ ਬੈਨਿਫਿਟਾਂ ਦੀ ਤੁਹਾਡੇ ਦੁਆਰਾ ਦੁਰਵਰਤੋਂ ਜਾਂ ਭੋਜਨ ਸਹਾਇਤਾ ਦੇ ਬਦਲੇ ਨਕਦੀ ਜਾਂ ਦੂਜੀਆਂ ਮੁੱਲ ਵਾਲੀਆਂ ਚੀਜ਼ਾਂ ਲੈਣ (ਟ੍ਰੈਫਿਕਿੰਗ) ਦਾ ਪਤਾ ਲਗਾਏਗਾ।
- **EBT ਕਾਰਡ ਦੀ ਬਦਲ:** ਤੁਹਾਡੇ EBT ਦੇ ਬਦਲੇ ਨਵਾਂ ਕਾਰਡ ਦੇਣ ਲਈ ਅਸੀਂ ਫੀਸ ਲੈ ਸਕਦੇ ਹਾਂ। ਆਪਣਾ ਕਾਰਡ ਅਤੇ ਨਿਜੀ ਪਛਾਣ ਨੰਬਰ (PIN) ਸੁਰੱਖਿਅਤ ਰੱਖੋ।
- **EBT ਕਾਰਡਾਂ ਵਿਚ ਵੱਡੀਆਂ ਬਚੀਆਂ ਹੋਈਆਂ ਰਕਮਾਂ:** ਜੇ ਕਈ ਮਹੀਨਿਆਂ ਤਕ ਬੈਨਿਫਿਟਾਂ ਦੀ ਵਰਤੋਂ ਨਾ ਕਰਨ ਤੇ, ਜਾਂ ਜੇ ਕਈ ਮਹੀਨਿਆਂ ਦੇ ਬਾਅਦ ਤੁਹਾਡੇ ਖਾਤੇ ਵਿਚ ਵੱਡੀ ਰਕਮ ਜਮ੍ਹਾ ਹੋ ਜਾਂਦੀ ਹੈ ਤਾਂ ਤੁਹਾਡੀ ਸਥਿਤੀ ਉੱਪਰ ਜਾਂ ਬੈਨਿਫਿਟਾਂ ਲਈ ਤੁਹਾਡੀ ਲੋੜ ਦੇ ਉੱਪਰ ਦੁਬਾਰਾ ਵਿਚਾਰ ਕਰਨ ਲਈ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।

## ਤੁਹਾਨੂੰ ਇਹਨਾਂ ਗੱਲਾਂ ਦੇ ਪਤਾ ਹੋਣਾ ਚਾਹੀਦਾ ਹੈ (ਬੇਸਿਕ ਫੂਡ)

- ਬੇਸਿਕ ਫੂਡ ਲਈ ਅਰਜ਼ੀ ਦੇਣ ਵਾਲੇ ਲੋਕਾਂ ਦੇ ਬਾਰੇ ਜਾਣਕਾਰੀ ਦੀ ਜਾਂਚ ਕਰਨ ਲਈ **ਅਸੀਂ ਇਹ ਜਾਣਕਾਰੀ ਦੂਜੀਆਂ ਫੈਡਰਲ ਏਜੰਸੀਆਂ ਨੂੰ ਭੇਜਦੇ ਹਾਂ**। ਜੇ ਇਹ ਜਾਣਕਾਰੀ ਗਲਤ ਹੈ ਤਾਂ ਹੋ ਸਕਦਾ ਹੈ ਕਿ ਬੇਸਿਕ ਫੂਡ ਦੇ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਬੇਸਿਕ ਫੂਡ ਨਾ ਮਿਲੇ। ਜੇ ਕੋਈ ਵਿਅਕਤੀ ਜਾਣ ਬੁਝ ਕੇ ਗਲਤ ਜਾਣਕਾਰੀ ਭੇਜਦਾ ਹੈ, ਤਾਂ ਉਸ ਦੇ ਉੱਪਰ ਫ਼ੌਜਦਾਰੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਬੇਸਿਕ ਫੂਡ ਦੇ ਨਿਯਮਾਂ ਦੀ ਜਾਣ ਬੁਝ ਕੇ ਉਲੰਘਣਾ ਕਰਨ ਵਾਲੇ ਵਿਅਕਤੀ ਨੂੰ ਪ੍ਰੋਗਰਾਮ ਦੇ ਲਈ ਅਯੋਗ ਕਰਾਰ ਦੇਣ ਤੋਂ ਲੈ ਕੇ ਜੁਰਮਾਨੇ ਅਤੇ ਕੈਦ ਤਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ।
- ਜੇ ਤੁਸੀਂ ਕਿਸੇ ਅਧਿਕਾਰ-ਪ੍ਰਾਪਤ ਰਿਟੇਲਰ ਕੋਲੋਂ ਭੋਜਨ ਖਰੀਦਣ ਦੀ ਥਾਂ ਤੇ ਮੁੱਲ ਵਾਲੀ ਕੋਈ ਵੀ ਚੀਜ਼, ਜਿਵੇਂ ਨਕਦੀ, ਨਸ਼ੀਲੀ ਦਵਾਈਆਂ, ਹਥਿਆਰ ਜਾਂ ਕੋਈ ਵੀ ਹੋਰ ਚੀਜ਼ ਖਰੀਦਣ ਲਈ **ਆਪਣੀ ਭੋਜਨ ਸਹਾਇਤਾ ਵੇਚਦੇ ਹੋ, ਵੇਚਣ ਦੀ ਕੋਸ਼ਿਸ਼ ਕਰਦੇ ਹੋ, ਅਦਲਾ-ਬਦਲੀ ਕਰਦੇ ਹੋ ਜਾਂ ਸੁਗਾਤ ਵਜੋਂ ਦਿੰਦੇ ਹੋ** (ਟ੍ਰੈਫਿਕਿੰਗ) ਤਾਂ ਪਹਿਲੀ ਵਾਰ ਇਸ ਜੁਰਮ ਲਈ ਤੁਹਾਨੂੰ ਘੱਟੋ-ਘੱਟ ਇੱਕ ਸਾਲ ਲਈ ਅਤੇ ਵੱਧ ਤੋਂ ਵੱਧ ਪੂਰੇ ਜੀਵਨ ਲਈ ਭੋਜਨ ਸਹਾਇਤਾ ਪ੍ਰਾਪਤ ਕਰਨ ਦੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਇਹ ਅਯੋਗਤਾ ਤਾਂ ਵੀ ਜਾਰੀ ਰਹੇਗੀ ਜੇ ਤੁਸੀਂ ਵਾਸ਼ਿੰਗਟਨ ਸਟੇਟ ਨੂੰ ਛੱਡ ਕੇ ਚਲੇ ਜਾਂਦੇ ਹੋ ਅਤੇ ਕਿਸੇ ਦੂਜੀ ਸਟੇਟ ਵਿਚ ਬੈਨਿਫਿਟਾਂ ਲਈ ਅਰਜ਼ੀ ਦਿੰਦੇ ਹੋ।
- **ਜੇ ਤੁਹਾਡੇ ਲਈ ਬੇਸਿਕ ਫੂਡ ਸਬੰਧਤ ਕੰਮ ਕਰਨਾ ਜ਼ਰੂਰੀ ਹੈ,** ਅਤੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਪਹਿਲੀ ਵਾਰ ਤੁਹਾਨੂੰ ਇੱਕ ਮਹੀਨੇ ਲਈ ਅਤੇ ਜਦ ਤਕ ਤੁਸੀਂ ਇਹ ਲੋੜਾਂ ਪੂਰੀਆਂ ਨਹੀਂ ਕਰਦੇ, ਤੁਹਾਨੂੰ ਅਯੋਗ ਕਰਾਰ ਦਿੱਤਾ ਜਾਵੇਗਾ। ਦੂਜੀ ਵਾਰ ਕੰਮ ਨਾ ਕਰਨ ਤੇ ਤਿੰਨ ਮਹੀਨੇ ਲਈ ਅਤੇ ਜਦ ਤਕ ਲੋੜਾਂ ਪੂਰੀਆਂ ਕਰਦੇ, ਅਤੇ ਤੀਜੀ ਵਾਰ ਅਤੇ ਉਸ ਤੋਂ ਬਾਅਦ ਹਰ ਵਾਰ ਛੇ ਮਹੀਨੇ ਲਈ ਅਤੇ ਜਦ ਤਕ ਲੋੜਾਂ ਪੂਰੀਆਂ ਨਹੀਂ ਕਰਦੇ, ਤੁਹਾਨੂੰ ਅਯੋਗ ਕਰਾਰ ਦਿੱਤਾ ਜਾਵੇਗਾ।
- ਜਿਵੇਂ ਕਿ ਬੇਸਿਕ ਫੂਡ ਬਾਰੇ ਇਸ ਸਫੇ ਤੇ ਦਿੱਤੀ ਗਈ ਸਜ਼ਾ ਦੀ ਚੇਤਾਵਨੀ ਵਿਚ ਦੱਸਿਆ ਗਿਆ ਹੈ, ਬੇਸਿਕ ਫੂਡ ਪ੍ਰੋਗਰਾਮ ਦੇ ਕਿਸੇ ਨਿਯਮ ਦੀ ਉਲੰਘਣਾ ਲਈ **ਤੁਹਾਨੂੰ ਬੇਸਿਕ ਫੂਡ ਪ੍ਰੋਗਰਾਮ ਵਿਚੋਂ ਹਟਾਇਆ ਜਾ ਸਕਦਾ ਹੈ।**
- **ਜੇ ਤੁਸੀਂ ਚਾਹੁੰਦੇ ਹੋ ਕਿ ਬੇਸਿਕ ਫੂਡ ਦੇ ਖਰਚਿਆਂ ਵਿਚ ਤੁਹਾਡੇ ਪਰਿਵਾਰ ਦਾ ਖਰਚਾ ਵੀ ਸ਼ਾਮਿਲ ਕੀਤਾ ਜਾਏ ਤਾਂ ਡਿਪਾਰਟਮੈਂਟ ਨੂੰ ਇਹਨਾਂ ਪਰਿਵਾਰਕ ਖਰਚਿਆਂ ਦੀ ਸੂਚਨਾ ਦਿਓ।** ਜੇ ਤੁਸੀਂ ਇਹਨਾਂ ਖਰਚਿਆਂ ਦੀ ਸੂਚਨਾ ਅਤੇ ਸਬੂਤ ਨਹੀਂ ਦਿੰਦੇ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਸਾਨੂੰ ਇਹ ਕਹਿ ਰਹੇ ਹੋ ਕਿ ਇਹ ਫੈਸਲਾ ਕਰਨ ਵੇਲੇ ਕਿ ਤੁਹਾਨੂੰ ਵਾਧੂ ਬੇਸਿਕ ਫੂਡ ਦਿੱਤਾ ਜਾ ਸਕਦਾ ਹੈ ਜਾਂ ਨਹੀਂ, ਅਸੀਂ ਇਹਨਾਂ ਖਰਚਿਆਂ ਨੂੰ ਧਿਆਨ ਵਿਚ ਨਾ ਰੱਖੀਏ।

## ਤੁਹਾਨੂੰ ਇਹਨਾਂ ਗੱਲਾਂ ਦੇ ਪਤਾ ਹੋਣਾ ਚਾਹੀਦਾ ਹੈ (ਨਕਦੀ)

- **ਲੋੜਵੰਦ ਪਰਿਵਾਰਾਂ ਲਈ ਵਕਤੀ ਸਹਾਇਤਾ (TANF) ਲੈ ਕੇ** ਤੁਸੀਂ ਚਾਈਲਡ ਸੱਪੋਰਟ ਅਤੇ ਪਤੀ/ਪਤਨੀ ਵਜੋਂ ਸਹਾਇਤਾ ਦੇ ਹੱਕਾਂ ਨੂੰ ਚਾਈਲਡ ਸੱਪੋਰਟ ਡਿਵੀਜ਼ਨ ਨੂੰ ਦੇ ਦਿੰਦੇ ਹੋ। ਇਸ ਦਾ ਮਤਲਬ ਇਹ ਹੈ ਕਿ ਤੁਹਾਨੂੰ ਮਿਲਣ ਵਾਲੀ ਸੱਪੋਰਟ ਵਿਚੋਂ DCS ਤੁਹਾਨੂੰ ਮਿਲਣ ਵਾਲੀ ਪਬਲਿਕ ਸਹਾਇਤਾ ਦੇ ਬਰਾਬਰ ਰਕਮ ਆਪਣੇ ਕੋਲ ਰੱਖ ਸਕਦਾ ਹੈ। ਉਸ ਦੌਰਾਨ ਜਦ ਤੁਹਾਨੂੰ TANF ਮਿਲ ਰਿਹਾ ਹੋਵੇ, **ਚਾਈਲਡ ਸੱਪੋਰਟ ਦੇ ਭੁਗਤਾਨ ਜਾਂ ਬੱਚੇ ਨੂੰ ਬੈਨਿਫਿਟ ਮਿਲਣ ਦੀ ਜਾਣਕਾਰੀ DCS ਨੂੰ ਦੇਣਾ ਤੁਹਾਡੇ ਲਈ ਲਾਜ਼ਮੀ ਹੈ।**
- **ਜੇ ਤੁਹਾਨੂੰ TANF ਮਿਲਣਾ ਬੰਦ ਹੋ ਜਾਂਦਾ ਹੈ** ਤਾਂ ਚਾਈਲਡ ਸੱਪੋਰਟ ਤੇ ਅਸਰ ਪਾਉਣ ਵਾਲੀ ਕਿਸੇ ਵੀ ਤਬਦੀਲੀ. ਜਿਵੇਂ ਬੱਚੇ ਦਾ ਕਿਸੇ ਦੂਜੀ ਥਾਂ ਤੇ ਚਲੇ ਜਾਣਾ ਜਾਂ ਪਤੇ ਵਿਚ ਤਬਦੀਲੀ, ਬਾਰੇ DCS ਨੂੰ ਸੂਚਨਾ ਦੇਣਾ ਤੁਹਾਡੇ ਲਈ ਲਾਜ਼ਮੀ ਹੈ।
- **ਜੇ ਤੁਹਾਨੂੰ TANF ਮਿਲ ਰਿਹਾ ਹੈ** ਤਾਂ ਵਕਤੀ ਤੁਰੰਤ ਜ਼ਰੂਰੀ ਹਾਉਸਿੰਗ ਦੇ ਖਰਚਿਆਂ ਦੇ ਭੁਗਤਾਨ ਲਈ ਤੁਸੀਂ ਵਾਧੂ ਪੈਸਿਆਂ ਦੀ ਮੰਗ ਕਰ ਸਕਦੇ ਹੋ।

ਸਿਵਿਲ ਹੱਕਾਂ ਬਾਰੇ ਫ਼ੈਡਰਲ ਕਾਨੂੰਨ ਅਤੇ ਅਮਰੀਕਾ ਦਾ ਖੇਤੀਬਾੜੀ ਵਿਭਾਗ (USDA), ਸਿਵਿਲ ਹੱਕਾਂ ਸਬੰਧੀ ਨੇਮ ਅਤੇ ਪਾਲਿਸੀਆਂ, USDA, ਇਸ ਦੀਆਂ ਏਜੰਸੀਆਂ, ਦਫ਼ਤਰ ਅਤੇ ਮੁਲਾਜ਼ਮ ਅਤੇ USDA ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈ ਰਹੀਆਂ ਜਾਂ ਸੰਚਾਲਨ ਕਰਨ ਵਾਲੀਆਂ ਸੰਸਥਾਵਾਂ ਨੂੰ USDA ਵਲੋਂ ਕਿਸੇ ਵੀ ਪ੍ਰੋਗਰਾਮ ਜਾਂ ਕਰਾਈ ਜਾਂਦੀ ਸਰਗਰਮੀ ਜਾਂ ਦਿੱਤੀਆਂ ਜਾਂਦੀਆਂ ਰਕਮਾਂ ਨਾਲ ਕਰਾਏ ਜਾਣ ਵਾਲੇ ਪ੍ਰੋਗਰਾਮ (ਸਾਰੇ ਅਧਾਰ ਸਾਰੇ ਪ੍ਰੋਗਰਾਮਾਂ 'ਤੇ ਲਾਗੂ ਨਹੀਂ ਹੁੰਦੇ) ਵਿਚ ਨਸਲ, ਰੰਗ, ਰਾਸ਼ਟਰੀ ਮੂਲ, ਧਰਮ, ਲਿੰਗ, ਲਿੰਗ ਪਛਾਣ (ਇਸ ਵਿਚ ਲਿੰਗ ਪ੍ਰਗਟਾਉ ਸ਼ਾਮਿਲ ਹੈ), ਜਿਨਸੀ ਰੁਝਾਨ, ਅਪੰਗਤਾ, ਉਮਰ, ਵਿਆਹੁਤਾ ਦਰਜਾ, ਪਰਿਵਾਰ/ਮਾਤਾ-ਪਿਤਾ ਸਬੰਧੀ ਸਥਿਤੀ, ਸਰਕਾਰੀ ਸਹਾਇਤਾ ਪ੍ਰੋਗਰਾਮ ਤੋਂ ਮਿਲਣ ਵਾਲੀ ਆਮਦਨ, ਸਿਆਸੀ ਨਿਸ਼ਠਾ ਜਾਂ ਅਗਾਊਂ ਸਿਵਿਲ ਹੱਕਾਂ ਲਈ ਬਦਲੇ ਦੀ ਕਾਰਵਾਈ ਜਾਂ ਬਦਲਾ ਦੇ ਅਧਾਰ 'ਤੇ ਪੱਖਪਾਤ ਕੀਤੇ ਜਾਣ ਦੀ ਮਨਾਹੀ ਹੈ। ਪ੍ਰੋਗਰਾਮ ਅਨੁਸਾਰ ਹੱਲ ਕੱਢਣ ਅਤੇ ਸ਼ਿਕਾਇਤ ਦਾਇਰ ਕਰਨ ਦੀਆਂ ਅੰਤਮ ਤਾਰੀਖ਼ਾਂ ਵੱਖ ਵੱਖ ਹੁੰਦੀਆਂ ਹਨ।

ਪ੍ਰੋਗਰਾਮ ਦੀ ਜਾਣਕਾਰੀ ਲਈ ਸੰਚਾਰ ਦੇ ਬਦਲਵੇਂ ਸਾਧਨਾਂ (ਜਿਵੇਂ ਬ੍ਰੇਲ, ਵੱਡੇ ਅੱਖਰ, ਆੱਡੀਓਟੇਪ, ਅਮਰੀਕੀ ਸੰਕੇਤ ਭਾਸ਼ਾ ਆਦਿ) ਦੀ ਲੋੜ ਵਾਲੇ ਅਸਮਰੱਥ (ਅਪੰਗ) ਵਿਅਕਤੀਆਂ ਨੂੰ ਜ਼ਿੰਮੇਵਾਰ ਏਜੰਸੀ ਜਾਂ (202) 720-2600 (ਵਾੱਇਸ ਅਤੇ TTY) 'ਤੇ USDA ਦੇ ਟਾਰਗੈਟ ਸੈਂਟਰ ਜਾਂ (800) 877-8339 'ਤੇ ਫ਼ੈਡਰਲ ਰਿਲੇ ਸਰਵਿਸ ਰਾਹੀਂ USDA ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ, ਪ੍ਰੋਗਰਾਮ ਬਾਰੇ ਜਾਣਕਾਰੀ ਅੰਗ੍ਰੇਜ਼ੀ ਤੋਂ ਛੁੱਟ ਹੋਰਨਾਂ ਭਾਸ਼ਾਵਾਂ ਵਿਚ ਉਪਲਬਧ ਕਰਾਈ ਜਾ ਸਕਦੀ ਹੈ।

ਪ੍ਰੋਗਰਾਮ ਵਿਚ ਹੋਏ ਪੱਖਪਾਤ ਦੀ ਸ਼ਿਕਾਇਤ ਦਾਇਰ ਕਰਨ ਲਈ USDA ਪ੍ਰੋਗਰਾਮ ਬਾਰੇ ਪੱਖਪਾਤ ਸਬੰਧੀ ਸ਼ਿਕਾਇਤੀ ਫ਼ਾਰਮ AD-3027 ਭਰੋ, ਜੋ http://www.ascr.usda.gov/complaint_filing_cust.html 'ਤੇ ਆੱਨਲਾਈਨ ਜਾਂ USDA ਦੇ ਕਿਸੇ ਦਫ਼ਤਰ ਤੋਂ ਮਿਲ ਸਕਦਾ ਹੈ ਜਾਂ USDA ਨੂੰ ਸੰਬੋਧਿਤ ਕਰਦਿਆਂ ਚਿੱਠੀ ਲਿਖੋ ਅਤੇ ਫ਼ਾਰਮ ਵਿਚ ਮੰਗੀ ਗਈ ਸਾਰੀ ਜਾਣਕਾਰੀ ਚਿੱਠੀ ਵਿਚ ਉਪਲਬਧ ਕਰਾਓ। ਸ਼ਿਕਾਇਤੀ ਫ਼ਾਰਮ ਦੀ ਕਾੱਪੀ ਲਈ ਬੇਨਤੀ ਕਰਨ ਵਾਸਤੇ (866) 632-9992 'ਤੇ ਕਾੱਲ ਕਰੋ। ਆਪਣਾ ਭਰਿਆ ਹੋਇਆ ਫ਼ਾਰਮ ਜਾਂ ਚਿੱਠੀ ਹੇਠਾਂ ਦਿੱਤੇ ਸਾਧਨਾਂ ਰਾਹੀਂ USDA ਕੋਲ ਜਮ੍ਹਾ ਕਰਾਓ:

1. ਡਾਕ: U.S. Department of Agriculture
   Office of the Assistant Secretary for Civil Rights
   1400 Independence Ave, SW
   Washington, D.C. 20250-9410;
2. ਫ਼ੈਕਸ: (202)690-7442; ਜਾਂ
3. ਈਮੇਲ: program.intake@usda.gov

USDA ਇੱਕੋ ਜਿਹੇ ਮੌਕੇ ਦੇਣ ਵਾਲਾ ਪ੍ਰੋਵਾਈਡਰ, ਨੌਕਰੀਦਾਤਾ ਅਤੇ ਰਿਣਦਾਤਾ ਹੈ।

ਹੇਠਾਂ ਦਸਤਖਤ ਕਰਕੇ ਮੈਂ ਇਹ ਬਿਆਨ ਦੇ ਰਿਹਾ/ਰਹੀ ਹਾਂ ਕਿ DSHS ਬੈਨਿਫਿਟ ਅਤੇ ਪ੍ਰੋਗਰਾਮ ਮਿਲਣ ਦੀ ਹਾਲਤ ਵਿਚ ਮੇਰੇ ਹੱਕ ਅਤੇ ਮੇਰੀਆਂ ਜ਼ਿੰਮੇਵਾਰੀਆਂ ਮੈਨੂੰ ਸਮਝਾ ਦਿੱਤੀਆਂ ਗਈਆਂ ਹਨ। ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਇਸ ਦਸਤਾਵੇਜ਼ ਤੇ ਦਸਤਖਤ ਕਰਨ ਤੋਂ ਇਨਕਾਰ ਕਰਦਾ/ਕਰਦੀ ਹਾਂ ਤਾਂ ਮੇਰੀ ਯੋਗਤਾ ਉੱਪਰ ਇਸਦਾ ਕੋਈ ਅਸਰ ਨਹੀਂ ਪਵੇਗਾ ਪਰ ਫੇਰ ਵੀ ਮੈਨੂੰ ਪ੍ਰੋਗਰਾਮ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ ਅਤੇ ਪ੍ਰੋਗਰਾਮ ਸਬੰਧੀ ਜਾਂ ਕਾਨੂੰਨੀ ਅਪਰਾਧ ਵਾਲੀਆਂ ਸਜ਼ਾਵਾਂ ਮੇਰੇ ਤੇ ਲਾਗੂ ਹੋਣਗੀਆਂ।

| ਅਰਜ਼ੀਦਾਤਾ ਦੇ ਦਸਤਖਤ | ਮਿਤੀ | ਸਹਿ-ਅਰਜ਼ੀਦਾਤਾ ਦੇ ਦਸਤਖਤ | ਮਿਤੀ |
|---|---|---|---|
| | | | |

DSHS ਸਟਾਫ ACES ID: ☐ ਦਸਤਖਤ ਕਰਨ ਤੋਂ ਇਨਕਾਰ